# ਐੱਚ.ਐੱਸ.ਈ ਗੈਸ ਸੇਫ਼ਟੀ ਐਡਵਾਈਸਲਾਈਨ 0800 300 363

(ਸਲਾਹ ਸਿਰਫ਼ ਅੰਗਰੇਜ਼ੀ ਵਿਚ ਮਿਲੇਗੀ)

## ਮਸਲਾ

ਹਰ ਸਾਲ 30 ਲੋਕ ਕਾਰਬਨ ਮੌਨੋਆਕਸਾਈਡ ਨਾਂ ਦੀ ਜ਼ਹਿਰੀਲੀ ਗੈਸ ਨਾਲ ਮਰਦੇ ਹਨ ਜੋ ਗੈਸ ਨਾਲ ਚੱਲਣ ਵਾਲੀਆਂ ਚੀਜ਼ਾਂ ਜਾਂ ਗੈਸ ਦਾ ਧੂਆਂ ਕੱਢਣ ਵਾਲੇ ਰਸਤਿਆਂ 'ਚੋਂ ਨਿਕਲਦੀ ਹੈ ਜੋ ਠੀਕ ਢੰਗ ਨਾਲ ਫ਼ਿਟ ਨਹੀਂ ਕੀਤੇ ਹੁੰਦੇ ਜਾਂ ਜਿਹਨਾਂ ਦੀ ਸਹੀ ਕਿਸਮ ਦੀ ਸੰਭਾਲ ਨਹੀਂ ਕੀਤੀ ਜਾਂਦੀ। ਕਈ ਹੋਰ ਲੋਕਾਂ ਦੀ ਸਿਹਤ ਇਹਦੇ ਨਾਲ ਖ਼ਰਾਬ ਹੋ ਜਾਂਦੀ ਹੈ। ਜਦ ਗੈਸ ਸਹੀ ਢੰਗ ਨਾਲ ਨਾ ਬਲੇ, ਤਾਂ ਕੋਇਲੇ, ਲੱਕੜੀ ਜਾਂ ਤੇਲ ਵਰਗੇ ਹੋਰ ਬਾਲਣਾਂ ਵਾਂਗ ਇਹਦੇ ਵਿਚੋਂ ਵੀ ਬਹੁਤ ਜ਼ਿਆਦਾ ਕਾਰਬਨ ਮੌਨੋਆਕਸਾਈਡ ਗੈਸ ਨਿਕਲਦੀ ਹੈ, ਜੋ ਜ਼ਹਿਰੀਲੀ ਹੁੰਦੀ ਹੈ।


ਤੁਸੀਂ ਇਸ ਗੈਸ ਨੂੰ ਦੇਖ ਨਹੀਂ ਸਕਦੇ। ਇਹਦਾ ਕੋਈ ਸੁਆਦ ਤੁਹਾਨੂੰ ਮਹਿਸੂਸ ਨਹੀਂ ਹੁੰਦਾ। ਪਰ ਬਿਨਾਂ ਕੋਈ ਚੇਤਾਵਨੀ ਦਿੱਤਿਆਂ ਕਾਰਬਨ ਮੌਨੋਆਕਸਾਈਡ ਕੁਝ ਘੰਟਿਆਂ ਵਿਚ ਹੀ ਕਿਸੇ ਦੀ ਜਾਨ ਲੈ ਸਕਦੀ ਹੈ।

ਜਦ ਤੁਸੀਂ ਸੁੱਤੇ ਪਏ ਹੋਵੋ, ਤਾਂ ਤੁਹਾਨੂੰ ਖ਼ਾਸ ਤੌਰ 'ਤੇ ਜ਼ਿਆਦਾ ਖ਼ਤਰਾ ਹੁੰਦਾ ਹੈ, ਕਿਉਂਕਿ ਤੁਸੀਂ ਕਾਰਬਨ ਮੌਨੋਆਕਸਾਈਡ ਨਾਲ ਚੜ੍ਹਨ ਵਾਲੀ ਜ਼ਹਿਰ ਦੇ ਮੁੱਢਲੇ ਲੱਛਣਾਂ ਨੂੰ ਜਾਣ ਨਹੀਂ ਸਕਦੇ। ਇਹ ਲੱਛਣ ਹਨ – ਥਕਾਵਟ, ਝੋਕ ਆਉਣਾ, ਸਿਰ ਪੀੜ, ਦਿਲ ਕੱਚਾ ਹੋਣਾ, ਛਾਤੀ ਅਤੇ ਪੇਟ ਵਿਚ ਦਰਦ। ਇਹ ਲੱਛਣ ਕਈ ਹੋਰ ਆਮ ਬੀਮਾਰੀਆਂ ਦੇ ਲੱਛਣਾਂ ਵਰਗੇ ਹੋ ਸਕਦੇ ਹਨ ਅਤੇ ਇਹਨਾਂ ਨਾਲ ਫ਼ਲੂ ਜਾਂ ਆਮ ਥਕਾਵਟ ਹੋਣ ਦਾ ਭੁਲੇਖਾ ਵੀ ਪੈ ਸਕਦਾ ਹੈ।

ਜੇ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਵਿਚ ਕਿਸੇ ਵਿਚ ਇਹ ਲੱਛਣ ਦਿਸਣ, ਅਤੇਤੁਹਾਨੂੰ ਜਾਪੇ ਕਿ ਕਾਰਬਨ ਮੌਨੋਆਕਸਾਈਡ ਨਾਲ ਹੋਏ ਹਨ, ਤਾਂ ਤੁਸੀਂ ਜ਼ਰੂਰ ਇਕਦਮ ਡਾਕਟਰ ਦੀ ਸਲਾਹ ਲਓ। ਤੁਹਾਡਾ ਡਾਕਟਰ ਤੁਹਾਡੇ ਸਾਹ ਨੂੰ ਜਾਂ ਤੁਹਾਡੇ ਖ਼ੂਨ ਦੇ ਨਮੂਨੇ ਨੂੰ ਟੈਸਟ ਕਰੇਗਾ। ਕਾਰਬਨ ਮੌਨੋਆਕਸਾਈਡ ਖ਼ੂਨ ਵਿਚੋਂ ਬੜੀ ਛੇਤੀ ਨਿਕਲ ਜਾਂਦੀ ਹੈ, ਅਤੇ ਜੇ ਇਸ ਗੈਸ ਵਿਚ ਸਾਹ ਲੈਣਾ ਬੰਦ ਕਰਨ ਤੋਂ ਚਾਰ ਘੰਟਿਆਂ ਤੋਂ ਵੱਧ ਸਮੇਂ ਬਾਅਦ ਇਹ ਟੈਸਟ ਕੀਤੇ ਜਾਣ, ਤਾਂ ਇਹਨਾਂ ਦੇ ਨਤੀਜੇ ਗ਼ਲਤ ਹੋ ਸਕਦੇ ਹਨ।

ਤੁਹਨੂੰ ਕਾਰਬਨ ਮੌਨੋਆਕਸਾਈਡ ਦੀ ਜ਼ਹਿਰ ਚੜ੍ਹਨ ਦਾ ਖ਼ਤਰਾ ਹੋਏਗਾ, ਜੇ:

- ਤੁਹਾਡੀ ਗੈਸ ਨਾਲ ਚੱਲਣ ਵਾਲੀ ਕੋਈ ਚੀਜ਼ ਖ਼ਰਾਬ ਢੰਗ ਨਾਲ ਲਾਈ ਗਈ ਹੈ;
- ਗੈਸ ਨਾਲ ਚੱਲਣ ਵਾਲੀ ਇਹ ਚੀਜ਼ ਠੀਕ ਢੰਗ ਨਾਲ ਕੰਮ ਨਹੀਂ ਕਰਦੀ;
- ਗੈਸ ਨਾਲ ਚੱਲਣ ਵਾਲੀ ਇਸ ਚੀਜ਼ ਦੇ ਸੁਰੱਖਿਅਤ ਹੋਣ ਦੇ ਟੈਸਟ ਨਹੀਂ ਕਰਵਾਏ ਗਏ ਅਤੇ ਇਹਦੀ ਸਹੀ ਢੰਗ ਨਾਲ ਸੰਭਾਲ ਨਹੀਂ ਹੁੰਦੀ।
- ਕਮਰੇ ਵਿਚ ਤਾਜ਼ੀ ਹਵਾ ਕਾਫ਼ੀ ਨਹੀਂ ਆਉਂਦੀ;
- ਤੁਹਾਡੀ ਚਿਮਨੀ ਜਾਂ ਗੈਸ ਦਾ ਧੂੰਆਂ ਨਿਕਲਣ ਦਾ ਰਾਹ ਬੰਦ ਹੋ ਗਿਆ ਹੈ;
- ਤੁਸੀਂ ਗੈਸ ਨਾਲ ਚੱਲਣ ਵਾਲੀਆਂ ਚੀਜ਼ਾਂ ਲਾਉਣ ਦਾ ਉਹਨਾਂ ਦੀ ਮੁਰੰਮਤ ਦਾ ਕੰਮ ਅਜਿਹੇ ਇੰਜਨੀਅਰਾਂ ਕੋਲੋਂ ਕਰਵਾਉਂਦੇ ਹੋ ਜੋ ਕੋਰਗੀ (CORGI) ਕੋਲ ਰਜਿਸਟਰ ਨਹੀਂ ਹੋਏ।




**ਗੈਸ ਨਾਲ ਚੱਲਣ ਵਾਲੀ ਸੁਰੱਖ਼ਿਅਤ ਚੀਜ਼**


ਇਹ ਖ਼ਤਰਾ ਖ਼ਾਸ ਤੌਰ 'ਤੇ ਜ਼ਿਆਦਾ ਹੁੰਦਾ ਹੈ ਜਦ ਤੁਸੀਂ ਉਸ ਕਮਰੇ ਵਿਚ ਸੌਂਵੋ ਜਿਸ ਵਿਚ ਗੈਸ ਨਾਲ ਚੱਲਣ ਵਾਲੀ ਕੋਈ ਅਜਿਹੀ ਚੀਜ਼ ਚਲਦੀ ਛੱਡ ਦਿੱਤੀ ਜਾਏ ਜੋ ਰੂਮ–ਸੀਲਡ ਕਿਸਮ ਦੀ ਨਹੀਂ (ਜਿਵੇਂ ਕਿ ਆਮ ਗੈਸ ਹੀਟਰ)। ਰੂਮ–ਸੀਲਡ ਚੀਜ਼ਾਂ ਦੀ ਗੈਸ ਦਾ ਧੂੰਆਂ ਨਿਕਲਣ ਵਾਲੇ ਰਾਹ ਆਮ ਤੌਰ 'ਤੇ ਬਾਹਰ ਵਾਲੀ ਕੰਧ 'ਤੇ ਕਾਫ਼ੀ ਨੀਵੇਂ ਹੁੰਦੇ ਹਨ ਅਤੇ ਇਹਨਾਂ ਦੀ ਹਿਫ਼ਾਜ਼ਤ ਲਈ ਜਾਲੀ ਲੱਗੀ ਹੁੰਦੀ ਹੈ, ਇਹ ਛੱਤ ਉੱਤੇ ਨਹੀਂ ਹੁੰਦੇ।

## ਜਵਾਬ

ਕਦੇ ਨਹੀਂ – ਜੇ ਤੁਹਾਨੂੰ ਜਾਪੇ ਕਿ ਗੈਸ ਨਾਲ ਚੱਲਣ ਵਾਲੀ ਕੋਈ ਚੀਜ਼ ਠੀਕ ਢੰਗ ਨਾਲ ਕੰਮ ਨਹੀਂ ਕਰਦੀ ਤਾਂ ਇਹਦੀ ਵਰਤੋਂ ਕਦੇ ਵੀ ਨਾ ਕਰੋ। ਇਹਦੀਆਂ ਨਿਸ਼ਾਨੀਆਂ ਹਨ – ਪੀਲੀ ਜਾਂ ਸੰਤਰੀ ਰੰਗ ਦੀ ਲਾਟ (ਉਹਨਾਂ ਖ਼ਾਸ ਚੀਜ਼ਾਂ ਨੂੰ ਛੱਡ ਕੇ ਜਿਹਨਾਂ ਵਿਚ ਇਸ ਕਿਸਮ ਦੀ ਲਾਟ ਦੀ ਵਰਤੋਂ ਖ਼ਾਸ ਤੌਰ 'ਤੇ ਕੀਤੀ ਜਾਂਦੀ ਹੈ), ਚੀਜ਼ ਦੇ ਆਲੇ ਦੁਆਲੇ ਕਾਲਖ ਚਣ ਕਾਲੇ ਧੱਬੇ, ਅਤੇ ਜਿਹਨਾਂ ਦੀਆਂ ਪਾਇਲਟ ਲਾਈਟਾਂ ਵਾਰ ਵਾਰ ਬੁਝਦੀਆਂ ਹੋਣ।

ਕਦੇ ਨਹੀਂ – ਗੈਸ ਨਾਲ ਚੱਲਣ ਵਾਲੀ ਚੀਜ਼ ਨੂੰ ਕਦੇ ਵੀ ਨਾ ਢਕੋ ਅਤੇ ਇਹਦਾ ਧੂੰਆਂ ਨਿਕਲਣ ਵਾਲੇ ਰਾਹ ਨੂੰ ਕਦੇ ਵੀ ਬੰਦ ਨਾ ਕਰੋ।
ਕਦੇ ਨਹੀਂ – ਤਾਜ਼ੀ ਹਵਾ ਅੰਦਰ ਆਉਣ ਵਾਲੀਆਂ ਗਰਿੱਲਾਂ ਜਾਂ ਕੰਧਾਂ ਵਿਚ ਛੱਡੀਆਂ ਮੋਰੀਆਂ ਨੂੰ ਕਦੇ ਵੀ ਬੰਦ ਨਾ ਕਰੋ।
ਕਦੇ ਨਹੀਂ – ਗੈਸ ਦਾ ਧੂੰਆਂ ਬਾਹਰ ਨਿਕਲਣ ਵਾਲੇ ਰਸਤਿਆਂ ਨੂੰ ਕਦੇ ਵੀ ਬੰਦ ਨਾ ਕਰੋ ਅਤੇ ਉਹਨਾਂ ਵਿਚ ਕੋਈ ਰੁਕਾਵਟ ਨਾ ਆਉਣ ਦਿਓ।

ਚੇਤਾਵਨੀ: ਜਦ ਵੀ ਗੈਸ ਨਾਲ ਚੱਲਣ ਵਾਲੀ ਚੀਜ਼ ਵਾਲੇ ਕਿਸੇ ਕਮਰੇ ਵਿਚ ਠੰਢ ਰੋਕਣ ਵਾਲੀ, ਛੱਤ ਵਾਲਾ ਜਾਂ ਹਵਾ ਬਾਹਰ ਕੱਢਣ ਵਾਲਾ ਪੱਖਾ, ਡਬਲ ਗਲੇਜ਼ਿੰਗ ਜਾਂ ਕੰਨਜ਼ਰਵੇਟਰੀ ਦੀ ਐਕਸਟੈਂਸ਼ਨ ਫ਼ਿਟ ਕੀਤੀ ਜਾਏ, ਤਾਂ ਇਹਤੋਂ ਬਾਅਦ ਚੈਕ ਕਰੋ ਕਿ




**ਗੈਸ ਨਾਲ ਚੱਲਣ ਵਾਲੀ ਖ਼ਤਰਨਾਕ ਚੀਜ਼**

ਗੈਸ ਨਾਲ ਚੱਲਣ ਵਾਲੀ ਚੀਜ਼ ਸੁਰੱਖ਼ਿਅਤ ਵੀ ਹੈ।

ਗੈਸ ਨਾਲ ਚੱਲਣ ਵਾਲੀ ਖ਼ਤਰਨਾਕ ਚੀਜ਼।

ਗੈਸ ਦੀ ਵਰਤੋਂ ਕਰਨ ਵਾਲੇ ਸਭਨਾਂ ਲੋਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀਆਂ ਗੈਸ ਨਾਲ ਚੱਲਣ ਵਾਲੀਆਂ ਚੀਜ਼ਾਂ ਦੇ ਸੁਰੱਖ਼ਿਅਤ ਹੋਣ ਬਾਰੇ ਹਰ 12 ਮਹੀਨਿਆਂ ਵਿਚ ਘੱਟੋ ਘੱਟ ਇਕ ਵਾਰ ਕਿਸੇ ਕੋਰਗੀ ਰਜਿਸਟਰਡ ਮਿਸਤਰੀ ਤੋਂ ਚੈੱਕ ਜ਼ਰੂਰ ਕਰਵਾਉਣ।

ਤੁਹਾਨੂੰ ਸੁਰੱਖ਼ਿਆ ਬਾਰੇ ਇਹ ਚੈੱਕ ਕਰਵਾਉਣ ਦਾ ਹੱਕ ਹੈ, ਜੇ:
ਤੁਹਾਡੀ ਉਮਰ 60 ਸਾਲ ਜਾਂ ਵੱਧ ਹੈ, ਜਾਂ ਤੁਸੀਂ ਲੰਮੇ ਸਮੇਂ ਤੋਂ ਬੀਮਾਰ, ਨਿਰਯੋਗ ਜਾਂ ਬੋਲ਼ੇ ਹੋ
ਜਾਂ ਤੁਹਾਨੂੰ ਉੱਚਾ ਸੁਣਦਾ ਹੈ, ਤੁਸੀਂ ਨੇਤਰਹੀਣ ਹੋ, ਜਾਂ ਤੁਹਾਡੀ ਨਜ਼ਰ ਕਮਜ਼ੋਰ ਹੈ, ਤਾਂ ਤੁਹਾਨੂੰ ਸਪਲਾਇਰ ਦੇ ਪ੍ਰਾਇਰਟੀ ਸਰਵਿਸ ਰਜਿਸਟਰ ਵਿਚ ਆਪਣਾ ਨਾਂ ਦਰਜ ਕਰਵਾਉਣ ਦਾ ਹੱਕ ਹੈ। ਨਾ ਦਰਜ ਕਰਵਾਉਣ ਦੇ ਕੋਈ ਪੈਸੇ ਨਹੀਂ ਲਗਦੇ, ਅਤੇ ਮੈਂਬਰ ਦੇ ਤੌਰ 'ਤੇ ਤੁਹਾਨੂੰ ਹਰ ਸਾਲ ਗੈਸ ਮੁਫ਼ਤ ਚੈਕ ਕਰਵਾਉਣ ਦਾ ਹੱਕ ਮਿਲ ਜਾਂਦਾ ਹੈ (ਪਰ ਤਦ ਨਹੀਂ ਜੇ ਤੁਸੀਂ ਕਿਰਾਏ ਦੇ ਘਰ ਵਿਚ ਰਹਿੰਦੇ ਹੋ, ਜਿੱਥੇ ਸੁਰਖਿਆ ਚੈੱਕ ਯਕੀਨੀ ਬਣਾਉਣਾ ਤੁਹਾਡੇ ਮਕਾਨ ਮਾਲਿਕ ਦਾ ਫ਼ਰਜ਼ ਹੈ)। ਵਧੇਰੇ ਜਾਣਕਾਰੀ ਲੈਣ ਲਈ ਆਪਣੇ ਗੈਸ ਬਿਲ ਦਾ ਪਿਛਲਾ ਪਾਸਾ ਪੜ੍ਹੋ।

ਕਾਰਬਨ ਮੌਨੋਆਕਸਾਈਡ ਅਲਾਰਮ ਵਾਧੂ ਹਿਫ਼ਾਜ਼ਤ ਦਾ ਚੰਗਾ ਕੰਮ ਕਰਦੇ ਹਨ, ਪਰ ਗੈਸ ਵਾਲੀਆਂ ਚੀਜ਼ਾਂ ਕੋਰਗੀ–ਰਜਿਸਟਰਡ ਇੰਜਨੀਅਰ ਕੋਲੋਂ ਸਹੀ ਢੰਗ ਨਾਲ ਲਗਵਾਉਣ ਅਤੇ ਉਹਨਾਂ ਦੀ ਸਹੀ ਸੰਭਾਲ ਦੀ ਥਾਂ ਇਹਨਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਜੇ ਤੁਸੀਂ ਕਾਰਬਨ ਮੌਨੋਆਕਸਾਈਡ ਅਲਾਰਮ ਖ਼ਰੀਦਣ ਦਾ ਵਿਚਾਰ ਬਣਾ ਲਿਆ ਹੈ, ਤਾਂ ਖ਼ਾਸ ਖ਼ਿਆਲ ਰੱਖੋ ਕਿ ਇਹ ਸੁਰੱਖਿਆ ਦੇ ਮੌਜੂਦਾ ਮਿਆਰਾਂ (BS7860 or BS EN 50291) ਅਨੁਸਾਰ ਬਣਾਇਆ ਗਿਆ ਹੋਵੇ ਅਤੇ ਇਹਦੇ 'ਤੇ ਕਾਈਟਮਾਰਕ (Kitemark) ਜਾਂ ਪਤੰਗ ਦਾ ਨਿਸ਼ਾਨ ਹੋਵੇ। ਜੇ ਕੋਈ ਸ਼ੱਕ ਹੋਵੇ, ਤਾਂ ਸਟਾਫ਼ ਦੇ ਕਿਸੇ ਬੰਦੇ ਤੋਂ ਸਲਾਹ ਲੈ ਲਓ। ਅਲਾਰਮ ਬਣਾਉਣ ਵਾਲਿਆਂ ਦੀਆਂ ਹਿਦਾਇਤਾਂ ਦਾ ਸਦਾ ਪਾਲਣ ਕਰੋ।

ਜੇ ਤੁਹਾਨੂੰ ਗੈਸ ਦੀ ਮੁਸ਼ਕ ਆਏ, ਤਾਂ ਤੁਸੀਂ ਇਕਦਮ ਹੇਠ ਲਿਖੇ ਕੰਮ ਕਰੋ:

- ਸਾਰੇ ਬੂਹੇ ਅਤੇ ਖਿੜਕੀਆਂ ਖੋਲ੍ਹ ਦਿਓ।
- ਗੈਸ ਦੀ ਸਪਲਾਈ ਮੀਟਰ ਕੰਟ੍ਰੋਲ ਵਾਲਵ ਤੋਂ ਬੰਦ ਕਰ ਦਿਓ (ਜੇ ਤੁਹਾਨੂੰ ਪਤਾ ਹੋਵੇ ਕਿ ਇਹ ਕਿੱਥੇ ਹੈ) ਜੇ ਫਿਰ ਵੀ ਗੈਸ ਨਿਕਲਦੀ ਰਹੇ, ਤਾਂ ਟ੍ਰਾਂਸਕੋ (Transco) ਨੂੰ ਗੈਸ ਐਮਰਜੈਂਸੀ ਫ਼੍ਰੀਫ਼ੋਨ ਨੰਬਰ 0800 111 999 'ਤੇ ਫ਼ੋਨ ਕਰੋ।
- ਜੇ ਤੁਹਾਨੂੰ ਕਾਰਬਨ ਮੌਨੋਆਕਸਾਈਡ ਨਿਕਲਣ ਬਾਰੇ ਸ਼ੱਕ ਪਏ, ਤਾਂ ਉੱਪਰ ਦੱਸੇ ਕੰਮ ਕਰੋ, ਪਰ ਤਦ ਨਹੀਂ ਜੇ ਤੁਹਾਨੂੰ ਪਤਾ ਲੱਗ ਜਾਏ ਕਿ ਗੈਸ ਨਾਲ ਚੱਲਣ ਵਾਲੀ ਕਿਹੜੀ ਚੀਜ਼ ਖ਼ਰਾਬੀ ਕਰ ਰਹੀ ਹੈ। ਇਹ ਗੱਲ ਹੋਵੇ ਤਾਂ ਕਿਸੇ ਕੋਰਗੀ–ਰਜਿਸਟਰਡ ਮਿਸਤਰੀ ਨੂੰ ਕਹੋ ਕਿ ਉਹ ਇਹਦੇ ਬਾਰੇ ਪਤਾ ਕਰਕੇ ਚੀਜ਼ ਦੀ ਮੁਰੰਮਤ ਕਰੇ।

## ਕਾਨੂੰਨ

ਗੈਸ ਸੇਫ਼ਟੀ (ਇੰਨਸਟਾਲੇਸ਼ਨ ਐਂਡ ਯੂਜ਼) ਰੈਗੂਲੇਸ਼ਨਜ਼ 1998 ਦੇ ਅਨੁਸਾਰ ਗੈਸ ਦੀ ਵਰਤੋਂ ਕਰਨ ਵਾਲਿਆਂ, ਗੈਸ ਵਾਲੀਆਂ ਚੀਜ਼ਾਂ ਫ਼ਿਟ ਕਰਨ ਵਾਲਿਆਂ, ਸਪਲਾਈ ਕਰਨ ਵਾਲਿਆਂ ਅਤੇ ਮਕਾਨ ਮਾਲਿਕਾਂ ਦੀ ਜ਼ਿੰਮੇਦਾਰੀ ਮਿੱਥੀ ਗਈ ਹੈ। ਇਹਨਾਂ ਨਿਯਮਾਂ ਦਾ ਸੰਬੰਧ ਅੱਗ ਨਾਲ ਸੰਬੰਧਤ ਹੋਰ ਚੀਜ਼ਾਂ, ਜਿਵੇਂ ਕਿ ਬਿਲਡਿੰਗ ਰੈਗੂਲੇਸ਼ਨਾਂ ਨਾਲ ਜੋੜਿਆ ਗਿਆ ਹੈ, ਜਿਵੇਂ ਕਿ ਤਾਜ਼ੀ ਹਵਾ ਆਉਣ ਅਤੇ ਗੈਸ ਦਾ ਧੂੰਆਂ ਲਿਕਲਣ ਵਾਲੇ ਰਸਤਿਆਂ ਨਾਲ। ਆਪਣੀ ਸੁਰੱਖਿਆ ਲਈ, ਹੇਠ ਲਿਖੀਆਂ ਗੱਲਾਂ ਯਾਦ ਰੱਖੋ:

- ਕਾਨੂੰਨ ਇਹ ਹੈ ਕਿ: ਗੈਸ ਨਾਲ ਚੱਲਣ ਵਾਲੀ ਕੋਈ ਵੀ ਚੀਜ਼ ਲਗਵਾਉਣ ਜਾਂ ਫਿਟ ਕਰਨ ਦਾ ਕੰਮ ਕਰਨ ਵਾਲਾ ਮਿਸਤਰੀ ਆਪਣੇ ਕੰਮ ਦਾ ਮਾਹਰ ਅਤੇ ਕੋਰਗੀ (ਕਾਉਂਸਿਲ ਫ਼ਾੱਰ ਰਜਿਸਟਰਡ ਗੈਸ ਇੰਨਸਟਾਲਰਜ਼) ਕੋਲ ਰਜਿਸਟਰਡ ਹੋਵੇ। ਸਦਾ ਚੈੱਕ ਕਰੋ ਕਿ ਤੁਹਾਡਾ ਕੰਮ ਕਰਨ ਵਾਲਾ ਮਿਸਤਰੀ ਰਜਿਸ਼ਟਰਡ ਹੋਵੇ, ਅਤੇ ਤੁਸੀਂ ਉਹਦਾ ਫ਼ੋਟੋ ਆਈਡੈਂਟਿਟੀ ਕਾਰਡ, ਉਹਦਾ ਕੋਰਗੀ ਰਜਿਸ਼ਟ੍ਰੇਸ਼ਨ ਨੰਬਰ, ਉਹਦਾ ਕਾਰੋਬਾਰੀ ਰੁਤਬਾ ਅਤੇ ਕਾਰਡ ਦੀ ਮਿਆਦ ਖ਼ਤਮ ਹੋਣ ਦੀ ਤਾਰੀਖ਼ ਵੀ ਚੈੱਕ ਕਰੋ। ਕਾਰਡ ਦੇ ਪਿਛਲੇ ਪਾਸੇ ਲਿਖਿਆ ਹੋਏਗਾ ਕਿ ਉਹ ਮਿਸਤਰੀ ਕਿਸ ਕਿਸਮ ਦੇ ਕੰਮ ਕਰ ਸਕਦਾ ਹੈ। ਤੁਸੀਂ ਕੋਰਗੀ ਦੇ ਦਫ਼ਤਰ ਦੇ ਸਮੇਂ ਵਿਚ ਉਹਨਾਂ ਨੂੰ ਨੰਬਰ 01256 372300 'ਤੇ ਫ਼ੋਨ ਕਰ ਸਕਦੇ ਹੋ ਜਾਂ ਉਹਨਾਂ ਦੀ ਇਸ ਵੈੱਬਸਾਈਟ 'ਤੇ ਜਾ ਸਕਦੇ ਹੋ – www.corgi-gas.com;

...ਜਾਰੀ ਰਖੋ

# ਐੱਚ.ਐੱਸ.ਈ ਗੈਸ ਸੇਫ਼ਟੀ ਐਡਵਾਈਸਲਾਈਨ 0800 300 363

(ਸਲਾਹ ਸਿਰ਼ਫ ਅੰਗਰੇਜ਼ੀ ਵਿਚ ਮਿਲੇਗੀ)

- ਕਾਨੂੰਨ ਇਹ ਹੈ ਕਿ: ਗੈਸ ਨਾਲ ਚੱਲਣ ਵਾਲੀ ਕੋਈ ਵੀ ਚੀਜ਼ ਲਗਵਾਉਣ ਜਾਂ ਫ਼ਿਟ ਕਰਨ ਦਾ ਕੰਮ ਸਿਰਫ਼ ਕੋਈ ਮਾਹਰ ਮਿਸਤਰੀ ਹੀ ਕਰ ਸਕਦਾ ਹੈ। ਗੈਸ ਨਾਲ ਚੱਲਣ ਵਾਲੀਆਂ ਚੀਜ਼ਾਂ ਖ਼ੁਦ ਲਾਉਣਾ ਖ਼ਤਰਨਾਕ ਹੋ ਸਕਦਾ ਹੈ ਅਤੇ ਗ਼ੈਰ-ਕਾਨੂੰਨੀ ਵੀ;

- ਕਾਨੂੰਨ ਇਹ ਹੈ ਕਿ: ਜੇ ਗੈਸ ਨਾਲ ਚੱਲਣ ਵਾਲੀ ਕਿਸੇ ਚੀਜ਼ ਦੀ ਸੁਰੱਖਿਆ ਬਾਰੇ ਤੁਹਾਨੂੰ ਸ਼ੱਕ ਹੋਵੇ, ਤਾਂ ਤੁਹਾਨੂੰ ਇਹਦੀ ਵਰਤੋਂ ਬਿਲਕੁਲ ਨਹੀਂ ਕਰਨੀ ਚਾਹੀਦੀ। ਕੋਰਗੀ ਦੇ ਰਾਹੀਂ, ਹੈਲਥ ਐਂਡ ਸੇਫ਼ਟੀ ਐਗਜ਼ੈਕਟਿਵ ਨੇ ਸਾਰੇ ਰਜਿਸਟਰਡ ਮਿਸਤਰੀਆਂ ਨੂੰ ਆਖਿਆ ਹੋਇਆ ਹੈ ਕਿ ਗੈਸ ਨਾਲ ਚੱਲਣ ਵਾਲੀਆਂ ਜਿਹੜੀਆਂ ਚੀਜ਼ਾਂ ਨਾਲ ਕਿਸੇ ਦੀ ਜ਼ਿੰਦਗੀ ਨੂੰ ਖ਼ਤਰਾ ਹੋ ਸਕਦਾ ਹੈ, ਉਹਨਾਂ ਦਾ ਕੁਨੈਕਸ਼ਨ ਕੱਟ ਦਿੱਤਾ ਜਾਏ। ਜੇ ਮਿਸਤਰੀ ਕਿਸੇ ਅਜਿਹੀ ਚੀਜ਼ ਦਾ ਕੁਨੈਕਸ਼ਨ ਕੱਟਣ ਲਈ ਤੁਹਾਡੀ ਇਜਾਜ਼ਤ ਮੰਗੇ, ਤਾਂ ਇਹਦੇ ਲਈ ਮੰਨ ਜਾਣਾ ਤੁਹਾਡੀ ਅਤੇ ਹੋਰ ਲੋਕਾਂ ਦੀ ਹਿਫ਼ਾਜ਼ਤ ਦੇ ਹਿਤ ਵਿਚ ਹੋਏਗਾ। ਇਸ ਚੀਜ਼ ਨੂੰ ਫਿਰ ਤੋਂ ਵਰਤਣ ਤੋਂ ਪਹਿਲਾਂ ਕਿਸੇ ਕੋਰਗੀ-ਰਜਿਸਟਰਡ ਮਿਸਤਰੀ ਤੋਂ ਇਹਦੀ ਮੁਰੰਮਤ ਜ਼ਰੂਰ ਕਰਵਾ ਲਓ;

- ਕਾਨੂੰਨ ਇਹ ਹੈ ਕਿ: ਗੈਸ ਨਾਲ ਚੱਲਣ ਵਾਲੀਆਂ ਚੀਜ਼ਾਂ ਦੀ ਸੁਰੱਖਿਆ ਦਾ ਖ਼ਿਆਲ ਰੱਖਣਾ ਅਤੇ ਗੈਸ ਦਾ ਧੂੰਆਂ ਲਿਕਲਣ ਵਾਲੇ ਰਸਤਿਆਂ ਦੀ ਸਹੀ ਸੰਭਾਲ ਕਰਨਾ ਆਮ ਤੌਰ 'ਤੇ ਮਕਾਨ ਮਾਲਿਕਾਂ ਦਾ ਕੰਮ ਹੈ, ਅਤੇ ਹਰ 12 ਮਹੀਨਿਆਂ ਵਿਚ ਇਕ ਵਾਰੇ ਗੈਸ ਨਾਲ ਚੱਲਣ ਵਾਲੀਆਂ ਚੀਜ਼ਾਂ ਅਤੇ ਧੂੰਆਂ ਲਿਕਲਣ ਵਾਲੇ ਰਸਤਿਆਂ ਨੂੰ ਚੈੱਕ ਕਰਵਾਉਣਾ ਉਹਨਾ ਲਈ ਜ਼ਰੂਰੀ ਹੈ। ਉਹਨਾ ਨੂੰ ਗੈਸ ਦੀ ਸੁਰੱਖਿਆ ਚੈੱਕ ਕਰਵਾਉਣ ਦੇ ਰਿਕਾਰਡ ਘੱਟੋ ਘੱਟ ਦੋ ਸਾਲ ਲਾਜ਼ਮੀ ਤੌਰ 'ਤੇ ਰੱਖਣੇ ਚਾਹੀਦੇ ਹਨ ਅਤੇ ਮੌਜੂਦਾ ਕਿਰਾਏਦਾਰਾਂ ਨੂੰ ਅਤੇ ਨਵੇਂ ਕਿਰਾਏਦਾਰਾਂ ਦੇ ਆਉਣ ਤੋਂ ਪਹਿਲਾਂ ਉਹਨਾਂ ਨੂੰ ਤਾਜ਼ੇ ਸਰਟੀਫ਼ਿਕੇਟ ਦੇਣੇ ਚਾਹੀਦੇ ਹਨ। ਜੇ ਤੁਹਾਡੇ ਕੋਲ ਗੈਸ ਨਾਲ ਚੱਲਣ ਵਾਲੀ ਕੋਈ ਚੀਜ਼ ਹੈ, ਤਾਂ ਇਹਦੀ ਸੰਭਾਲ ਕਰਨਾ ਅਤੇ ਇਹਦੇ ਸੁਰੱਖਿਅਤ ਹੋਣ ਦੇ ਚੈੱਕ ਕਰਵਾਉਣ ਦੀ ਤੁਹਾਡੀ ਜ਼ਿੰਮੇਦਾਰੀ ਹੈ।

- ਕਾਨੂੰਨ ਇਹ ਹੈ ਕਿ: ਗੈਸ ਨਾਲ ਚੱਲਣ ਵਾਲੀਆਂ ***ਰੂਮ-ਸੀਲਡ ਦੀਆਂ ਚੀਜ਼ਾਂ ਨੂੰ ਛੱਡ*** ਕੇ ਹੋਰ ਕਿਸਮ ਦੀਆਂ ਚੀਜ਼ਾਂ, ਜਿਵੇਂ ਗੈਸ ਫ਼ਾਇਰਾਂ, ਬੌਇਲਰ ਅਤੇ ਹੀਟਰ ਸੌਣ ਵਾਲੇ ਕਮਰਿਆਂ ਵਿਚ ਲਾਉਣ 'ਤੇ ਰੋਕ ਲੱਗੀ ਹੋਈ ਹੈ। ਇਹ ਰੋਕਾਂ ਸਿਰਫ਼ 1 ਜਨਵਰੀ 1996 ਤੋਂ ਮਗਰੋਂ ਲਾਈਆਂ ਚੀਜ਼ਾਂ 'ਤੇ ਹੀ ਅਤੇ ਜਿਹੜੇ ਕਮਰੇ 31 ਅਕਤੂਬਰ 1998 ਤੋਂ ਬਾਅਦ ਸੌਣ ਵਾਲੇ ਕਮਰੇ ਬਣਾਏ ਗਏ ਹਨ, ਉਹਨਾਂ ਕਮਰਿਆਂ ਵਿਚ ਲੱਗੀਆਂ ਚੀਜ਼ਾਂ 'ਤੇ ਹੀ ਲਾਗੂ ਹੁੰਦੀਆਂ ਹਨ। ਜਿਹੜੀਆਂ ਚੀਜ਼ਾਂ ਰੂਮ-ਸੀਲਡ ਨਹੀਂ ਹਨ, ਜਿਵੇਂ ਕਿ ਰਵਾਇਤੀ ਕਿਸਮ ਦੀਆਂ 14 ਕਿਲੋਵਾਟ ਜਾਂ ਘੱਟ ਵਾਲੀਆਂ ਗੈਸ ਫ਼ਾਇਰਾਂ ਉਹ ਤਦ ਹੀ ਫ਼ਿਟ ਕੀਤੀਆਂ ਜਾ ਸਕਦੀਆਂ ਹਨ ਜੇ ਉਹਨਾਂ ਵਿਚ ਕੋਈ ਅਜਿਹੀ ਚੀਜ਼ ਲੱਗੀ ਹੋਵੇ ਜੋ ਗੈਸ ਦਾ ਧੂੰਆਂ ਖ਼ਤਰਨਾਕ ਹੱਦ ਤਕ ਵਧਣ ਤੋਂ ਪਹਿਲਾਂ ਹੀ ਗੈਸ ਦੀ ਸਪਲਾਈ ਬੰਦ ਕਰ ਦੇਣ। ਪਰ ਸੌਣ ਵਾਲੇ ਕਮਰਿਆਂ ਵਿਚ ਜੇ 14 ਕਿਲੋਵਾਟ ਨਾਲੋਂ ਵੱਡੀਆਂ ਚੀਜ਼ਾਂ ਲਾਉਣੀਆਂ ਹੋਣ ਤਾਂ ਇਹਨਾਂ ਦਾ ਰੂਮ-ਸੀਲਡ ਹੋਣਾ ਜ਼ਰੂਰੀ ਹੈ;

- ਕਾਨੂੰਨ ਇਹ ਹੈ ਕਿ: ਗੈਸ ਨਾਲ ਚੱਲਣ ਵਾਲੀਆਂ ਰੂਮ-ਸੀਲਡ ਦੀਆਂ ਚੀਜ਼ਾਂ ਨੂੰ ਛੱਡ ਕੇ ਹੋਰ ਕਿਸਮ ਦੀਆਂ ਚੀਜ਼ਾਂ, ਜਿਵੇਂ ਗੈਸ ਫ਼ਾਇਰਾਂ, ਬੌਇਲਰ ਅਤੇ ਹੀਟਰ ਸੌਣ ਵਾਲੇ ਕਮਰਿਆਂ ਵਿਚ ਲਾਉਣ 'ਤੇ ਰੋਕ ਲੱਗੀ ਹੋਈ ਹੈ। ਇਹ ਰੋਕਾਂ ਸਿਰ਼ਫ 1 ਜਨਵਰੀ 1996 ਤੋਂ ਮਗਰੋਂ ਲਾਈਆਂ ਚੀਜ਼ਾਂ 'ਤੇ ਹੀ ਅਤੇ ਜਿਹੜੇ ਕਮਰੇ 31 ਅਕਤੂਬਰ 1998 ਤੋਂ ਬਾਅਦ ਸੌਣ ਵਾਲੇ ਕਮਰੇ ਬਣਾਏ ਗਏ ਹਨ, ਉਹਨਾਂ ਕਮਰਿਆਂ ਵਿਚ ਲੱਗੀਆਂ ਚੀਜ਼ਾਂ 'ਤੇ ਹੀ ਲਾਗੂ ਹੁੰਦੀਆਂ ਹਨ। ਜਿਹੜੀਆਂ ਚੀਜ਼ਾਂ ਰੂਮ-ਸੀਲਡ ਨਹੀਂ ਹਨ, ਜਿਵੇਂ ਕਿ ਰਵਾਇਤੀ ਕਿਸਮ ਦੀਆਂ ਗੈਸ ਫ਼ਾਇਰਾਂ ਉਹ ਤਦ ਹੀ ਫ਼ਿਟ ਕੀਤੀਆਂ ਜਾ ਸਕਦੀਆਂ ਹਨ ਜੇ ਉਹਨਾਂ ਵਿਚ ਕੋਈ ਅਜਿਹੀ ਚੀਜ਼ ਲੱਗੀ ਹੋਵੇ ਜੋ ਗੈਸ ਦਾ ਧੂੰਆਂ ਖ਼ਤਰਨਾਕ ਹੱਦ ਤਕ ਵਧਣ ਤੋਂ ਪਹਿਲਾਂ ਹੀ ਗੈਸ ਦੀ ਸਪਲਾਈ ਬੰਦ ਕਰ ਦੇਣ। ਪਰ ਸੌਣ ਵਾਲੇ ਕਮਰਿਆਂ ਵਿਚ ਜੇ 14 ਕਿਲੋਵਾਟ ਨਾਲੋਂ ਵੱਡੀਆਂ ਚੀਜ਼ਾਂ ਲਾਉਣੀਆਂ ਹੋਣ ਤਾਂ ਇਹਨਾਂ ਦਾ ਰੂਮ-ਸੀਲਡ ਹੋਣਾ ਜ਼ਰੂਰੀ ਹੈ;
ਕਾਨੂੰਨ ਇਹ ਹੈ ਕਿ: 31 ਅਕਤੂਬਰ 1998 ਤੋਂ ਮਗਰੋਂ, ਕਿਸੇ ਵੀ ਕਮਰੇ ਵਿਚ ਇਕਦਮ ਪਾਣੀ ਗਰਮ ਕਰਨ ਵਾਲੇ ਅਜਿਹੇ ਹੀਟਰ ਲਾਉਣਾ ਗ਼ੈਰ-ਕਾਨੂੰਨੀ ਹੈ ਜੋ ਰੂਮ-ਸੀਲਡ ਨਹੀਂ, ਜਾਂ ਜਿਹਨਾਂ ਵਿਚ ਕੋਈ ਅਜਿਹੀ ਚੀਜ਼ ਨਹੀਂ ਲੱਗੀ ਜੋ ਗੈਸ ਦਾ ਧੂੰਆਂ ਖ਼ਤਰਨਾਕ ਹੱਦ ਤਕ ਪਹੁੰਚਣ ਤੋਂ ਪਹਿਲਾਂ ਗੈਸ ਦੀ ਸਪਲਾਈ ਬੰਦ ਕਰ ਦੇਣ।

- ਕਾਨੂੰਨ ਇਹ ਹੈ ਕਿ: ਗੈਸ ਟ੍ਰਾਂਸਪੋਰਟਰਾਂ/ਐਮਰਜੈਂਸੀ ਸੇਵਾਵਾਂ ਦੇਣ ਵਾਲਿਆਂ (ਈ.ਐੱਸ.ਪੀਜ਼) ਲਈ ਲਾਜ਼ਮੀ ਹੈ ਕਿ ਉਹ ਹੰਗਾਮੀ ਹਾਲਤ ਨੂੰ ਠੀਕ ਕਰਕੇ ਸੁਰੱਖਿਅਤ ਬਣਾਉਣ। ਉਹਨਾਂ ਨੂੰ ਗੈਸ ਲਿਕਲਣ ਦਾ ਕਾਰਨ ਪਤਾ ਕਰਨਾ ਚਾਹੀਦਾ ਹੈ ਅਤੇ 12 ਘੰਟਿਆਂ ਦੇ ਅੰਦਰ ਗੈਸ ਦਾ ਨਿਕਲਣਾ ਰੋਕਣਾ ਚਾਹੀਦਾ ਹੈ। ਜੇ ਕਾਰਬਨ ਮੋਨੋਆਕਸਾਈਡ ਨਿਕਲਦੀ ਹੋਵੇ ਜਾਂ ਇਹਦੇ

## ਪੜ੍ਹਨ ਲਈ ਹੋਰ ਚੀਜ਼ਾਂ

ਜੇ ਤੁਸੀਂ ਇਸ ਵਿਸ਼ੈ ਬਾਰੇ ਵਧੇਰੇ ਜਾਣਕਾਰੀ ਲੈਣਾ ਚਾਹੁੰਦੇ ਹੋ, ਤਾਂ ਇਹ ਤੁਹਾਨੂੰ ਐਚ.ਐੱਸ.ਈ ਦੀਆਂ ਇਹਨਾਂ ਕਿਤਾਬਾਂ ਵਿਚੋਂ ਮਿਲ ਸਕਦੀ ਹੈ: Safety in the installation and use of gas systems and appliances, Gas Safety (Installation and Use) Regulations 1998. Approved Code of Practice and guidance L56 (Second edition) HSE Books 1998 ISBN 0 7176 1635 5.

ਉਪ-ਪ੍ਰਧਾਨ ਮੰਤਰੀ ਦੇ ਦਫ਼ਤਰ ਨੇ ਇਹ ਕਿਤਾਬਚਾ ਪ੍ਰਕਾਸ਼ਿਤ ਕੀਤਾ ਹੈ: Danger: Carbon monoxide poisoning. Solid fuel, wood and oil burning appliances. Get them checked, sweep your chimneys and be safe 1999. ਮਿਲਣ ਦਾ ਪਤਾ: Free Literature Service, PO Box 236, Wetherby, West Yorkshire
LS23 7NB ਟੈਲੀਫ਼ੋਨ: 0870 1226 236,
ਫ਼ੈਕਸ: 0870 1226 237, ਟੈਕਸਟਫ਼ੋਨ: 0870 1207 405,
ਜਾਂ ਇਹ ਇਸ ਵੈੱਬਸਾਈਟ ਤੋਂ ਵੀ ਉਤਾਰਿਆ ਜਾ ਸਕਦਾ ਹੈ –
www.safety.odpm.gov.uk/bregs/br19.htm

## ਵਧੇਰੇ ਜਾਣਕਾਰੀ

ਐੱਚ.ਐੱਸ.ਈ ਦੀਆਂ ਵੇਚੀਆਂ ਜਾਣ ਵਾਲੀਆਂ ਕਿਤਾਬਾਂ ਡਾਕ ਰਾਹੀਂ ਹੇਠ ਲਿਖੇ ਪਤੇ ਤੋਂ ਮੰਗਵਾਈਆਂ ਜਾ ਸਕਦੀਆਂ ਹਨ:
HSE Books, PO Box 1999,
Sudbury, Suffolk CO10 2WA
ਟੈਲੀਫ਼ੋਨ: 01787 881165 ਫ਼ੈਕਸ: 01787 313995
ਵੈੱਬਸਾਈਟ: www.hsebooks.co.uk
(ਐੱਚ.ਐੱਸ. ਈ ਦੀਆਂ ਵੇਚੀਆਂ ਜਾਣ ਵਾਲੀਆਂ ਕਿਤਾਬਾਂ ਦੁਕਾਨਾਂ ਤੋਂ ਵੀ ਮਿਲ ਸਕਦੀਆਂ ਹਨ, ਅਤੇ ਮੁਫ਼ਤ ਮਿਲਣ ਵਾਲੇ ਪਰਚੇ ਐੱਚ.ਐੱਸ.ਈ ਦੀ ਇਸ ਵੈੱਬਸਾਈਟ ਤੋਂ ਉਤਾਰੇ ਜਾ ਸਕਦੇ ਹਨ: www.hse.gov.uk)

ਬ੍ਰਿਟਿਸ਼ ਸਟੈਂਡਰਡਜ਼ ਹਾਸਿਲ ਕਰਨ ਲਈ ਪਤਾ ਹੈ:
BSI Customer Services, 389 Chiswick High Road,
London W4 4AL
ਟੈਲੀਫ਼ੋਨ: 020 8996 9001 ਫ਼ੈਕਸ: 020 8996 7001
ਵੈੱਬਸਾਈਟ: www.bsi-global.com

ਸਿਹਤ ਅਤੇ ਸੁਰੱਖਿਆ ਬਾਰੇ ਜਾਣਕਾਰੀ ਲੈਣ ਲਈ, ਐੱਚ.ਐੱਸ.ਈ ਦੀ ਇਨਫ਼ੋਲਾਈਨ 'ਤੇ ਫ਼ੋਨ ਕਰੋ। ਟੈਲੀਫ਼ੋਨ: 08701 545500
ਫ਼ੈਕਸ: 02920 859260
ਈਮੇਲ: hseinformationservices@natbrit.com
ਜਾਂ ਇਸ ਪਤੇ 'ਤੇ ਖ਼ਤ ਲਿਖੋ: HSE Information Services,
Caerphilly Business Park, Caerphilly CF83 3GG.

ਐਚ.ਐੱਸ.ਈ ਦੀ ਗੈਸ ਸੇਫ਼ਟੀ (ਸੁਰੱਖਿਆ) ਵੈੱਬਸਾਈਟ:
**www.hse.gov.uk/gas/index.htm**

**ਐੱਚ.ਐੱਸ.ਈ ਗੈਸ ਸੇਫ਼ਟੀ ਐਡਵਾਈਸਲਾਈਨ**
**0800 300 363**

**ਇਹ ਹਿਦਾਇਤਾਂ ਹੈਲਥ ਐਂਡ ਸੇਫ਼ਟੀ ਐਗਜ਼ੈਕਟਿਵ ਨੇ ਜਾਰੀ ਕੀਤੀਆਂ ਹਨ। ਇਹਨਾਂ ਦੇ ਅਨੁਸਾਰ ਚੱਲਣਾ ਤੁਹਾਡੇ ਲਈ ਕਾਨੂੰਨੀ ਤੌਰ 'ਤੇ ਲਾਜ਼ਮੀ ਨਹੀਂ ਹੈ, ਅਤੇ ਤੁਸੀਂ ਚਾਹੋ ਤਾਂ ਹੋਰ ਕੰਮ ਵੀ ਕਰ ਸਕਦੇ ਹੋ। ਪਰ ਜੇ ਤੁਸੀਂ ਇਹਨਾਂ ਹਿਦਾਇਤਾਂ 'ਤੇ ਅਮਲ ਕਰੋਗੇ, ਤਾਂ ਤੁਸੀਂ ਕਾਨੂੰਨ ਦਾ ਪਾਲਣ ਕਰਨ ਲਈ ਆਮ ਤੌਰ 'ਤੇ ਕਾਫ਼ੀ ਕੰਮ ਕਰ ਲਓਗੇ। ਹੈਲਥ ਐਂਡ ਸੇਫ਼ਟੀ ਇੰਨਸਪੈਕਟਰ ਕਾਨੂੰਨ ਦਾ ਪਾਲਣ ਕਰਵਾਉਣਾ ਚਾਹੁੰਦੇ ਹਨ, ਅਤੇ ਇਸ ਜਾਣਕਾਰੀ ਨੂੰ ਚੰਗੇ ਕੰਮ ਦੀ ਮਿਸਾਲ ਦੱਸ ਸਕਦੇ ਹਨ।**

© ਕ੍ਰਾਊਨ ਕਾਪੀਰਾਈਟ। ਇਸ ਪਰਚੇ ਵਾਲੀਆਂ ਗੱਲਾਂ ਬਿਨਾਂ ਰੋਕ ਮੁਫ਼ਤ ਛਾਪੀਆਂ ਜਾ ਸਕਦੀਆਂ ਹਨ, ਪਰ ਇਸ਼ਤਿਹਾਰ ਦੇਣ, ਸਮਰਥਨ ਕਰਨ ਜਾਂ ਵਪਾਰਕ ਕੰਮਾਂ ਲਈ ਨਹੀਂ।
ਪਹਿਲੀ ਵਾਰ ਛਪਿਆ 10/02, ਛਾਪਣ ਵੇਲੇ ਦੱਸੋ ਕਿ ਇਹ ਗੱਲਾਂ ਐੱਚ.ਐੱਸ.ਈ ਤੋਂ ਲਈਆਂ ਗਈਆਂ ਹਨ: **INDG238 (rev 2)** 10/02 C7500
ਹੈਲਥ ਐਂਡ ਸੇਫ਼ਟੀ ਐਗਜ਼ੈਕਟਿਵ ਨੇ ਛਪਵਾ ਕੇ ਪ੍ਰਕਾਸ਼ਿਤ ਕੀਤਾ।

ਸੋਧਿਆ 2002 ਐਡੀਸ਼ਨ

HSE Health & Safety Executive

# ਗੈਸ ਨਾਲ ਚੱਲਣ ਵਾਲੀਆਂ ਚੀਜ਼ਾਂ

## ਇਹਨਾਂ ਨੂੰ ਚੈੱਕ ਕਰਵਾਓ ਇਨਾਂ ਨੂੰ ਸੁਰੱਖਿਅਤ ਰੱਖੋ।

ਇਸ ਪਰਚੇ ਵਿਚ ਅਹਿਮ ਨਵੀਂ ਜਾਣਕਾਰੀ ਦਿੱਤੀ ਹੋਈ ਹੈ
ਕਿਰਪਾ ਕਰਕੇ ਇਹਨੂੰ ਪੜ੍ਹੋ
ਇਹ ਤੁਹਾਡੀ ਜਾਨ ਬਚਾ ਸਕਦਾ ਹੈ।

ਐੱਚ.ਐੱਸ.ਈ ਗੈਸ ਸੇਫ਼ਟੀ ਐਡਵਾਈਸਲਾਈਨ
0800 300 363